WE ARE MACMILLAN. CANCER SUPPORT

# ‘ਮੇਰਾ ਪੇਟ ਐਨਾ ਫੁਲ ਗਿਆ ਸੀ ਕਿ ਮੈਂ ਛੇ ਮਹੀਨੇ ਦੀ ਗਰਭਵਤੀ ਨਜ਼ਰ ਆਉਂਦੀ ਸੀ’

**Julia**



**UK ਵਿੱਚ ਹਰ ਸਾਲ ਲਗਭਗ 7,100 ਤੋਂ ਵੱਧ ਔਰਤਾਂ ਦੇ ਰੋਗ ਦੀ ਪਛਾਣ ਅੰਡਕੋਸ਼ ਦੇ ਕੈਂਸਰ ਵੱਜੋਂ ਹੁੰਦੀ ਹੈ। ਅੰਡਕੋਸ਼ ਦਾ ਕੈਂਸਰ 50 ਸਾਲ ਤੋਂ ਵੱਧ ਉਮਰ ਵਾਲੀਆਂ ਔਰਤਾਂ ਵਿੱਚ ਜ਼ਿਆਦਾ ਆਮ ਹੈ। ਜੇ ਤੁਹਾਡੇ ਦੋ ਜਾਂ ਇਸ ਤੋਂ ਵੱਧ ਨਜ਼ਦੀਕੀ ਰਿਸ਼ਤੇਦਾਰਾਂ (ਤੁਹਾਡੀ ਮਾਂ, ਭੈਣਾਂ, ਜਾਂ ਬੇਟੀਆਂ) ਨੂੰ ਅੰਡਕੋਸ਼ ਜਾਂ ਛਾਤੀ ਦਾ ਕੈਂਸਰ ਹੋਇਆ ਸੀ, ਤਾਂ ਤੁਹਾਨੂੰ ਕਾਫੀ ਜ਼ਿਆਦਾ ਜੋਖਮ ਹੋ ਸਕਦਾ ਹੈ।**

ਜੇ ਤੁਹਾਨੂੰ ਇਹਨਾਂ ਵਿੱਚੋਂ ਕੋਈ ਵੀ ਲੱਛਣ ਜ਼ਿਆਦਾਤਰ ਦਿਨਾਂ ਲਈ, ਤਿੰਨ ਹਫ਼ਤਿਆਂ ਜਾਂ ਇਸ ਤੋਂ ਵੱਧ ਸਮੇਂ ਲਈ ਰਹਿੰਦੇ ਹਨ, ਤਾਂ ਆਪਣੇ ਡਾਕਟਰ ਨੂੰ ਦਿਖਾਓ:

- ਅਫਾਰਾ ਮਹਿਸੂਸ ਕਰਨਾ (ਫੁੱਲਿਆ ਹੋਇਆ ਪੇਟ)।
- ਪੇਟ ਜਲਦੀ ਭਰਿਆ ਮਹਿਸੂਸ ਕਰਨਾ ਜਾਂ ਜ਼ਿਆਦਾ ਖਾਣ ਦੀ ਇੱਛਾ ਨਾ ਹੋਣੀ।
- ਤੁਹਾਡੇ ਪੇਟ ਦੇ ਹੇਠਲੇ ਹਿੱਸੇ ਜਾਂ ਪਿੱਠ ਵਿੱਚ ਦਰਦ ਹੋਣੀ।
- ਆਮ ਨਾਲੋਂ ਵੱਧ ਵਾਰ ਜਾਂ ਆਮ ਨਾਲੋਂ ਜ਼ਿਆਦਾ ਜ਼ੋਰ ਨਾਲ ਪਿਸ਼ਾਬ ਕਰਨ ਜਾਣ ਦੀ ਲੋੜ ਹੋਣੀ।

ਇਹਨਾਂ ਲੱਛਣਾਂ ਵਾਲੀਆਂ ਜ਼ਿਆਦਾਤਰ ਔਰਤਾਂ ਨੂੰ ਅੰਡਕੋਸ਼ ਦਾ ਕੈਂਸਰ ਨਹੀਂ ਹੁੰਦਾ। ਜੇ ਤੁਹਾਨੂੰ ਹੁੰਦਾ ਵੀ ਹੈ ਤਾਂ ਉਹਨਾਂ ਦੀ ਜਾਂਚ ਕਰਵਾਉਣੀ ਅਹਿਮ ਹੁੰਦੀ ਹੈ।

ਜੇ ਤੁਹਾਨੂੰ ਇਹ ਲੱਛਣ ਹਨ ਤਾਂ ਡਰੋ ਨਾ – ਉਹਨਾਂ ਦੀ ਜਾਂਚ ਕਰਵਾਓ।

**ਜਿੰਨੀ ਜਲਦੀ ਅੰਡਰੋਸ਼ ਦੇ ਕੈਂਸਰ ਦੀ ਪਛਾਣ ਹੁੰਦੀ ਹੈ, ਉੰਨੀ ਜ਼ਿਆਦਾ ਇਸਦੇ ਸਫਲਤਾਪੂਰਵਕ ਇਲਾਜ ਹੋਣ ਦੀ ਸੰਭਾਵਨਾ ਹੋਵੇਗੀ।**

**ਆਪਣੇ ਲੱਛਣਾਂ ਦੀ ਜਾਂਚ ਕਰਵਾ ਕੇ ਤੁਸੀਂ ਆਪਣੇ ਡਾਕਟਰ ਦਾ ਸਮਾਂ ਜ਼ਾਇਆ ਨਹੀਂ ਕਰ ਰਹੇ ਹੋ।**

ਜੇ ਤੁਹਾਨੂੰ ਮਦਦ ਦੀ ਲੋੜ ਹੈ ਜਾਂ ਬਸ ਕਿਸੇ ਨਾਲ ਗੱਲ ਹੀ ਕਰਨਾ ਚਾਹੁੰਦੇ ਹੋ, ਤਾਂ ਮੈਕਮਿਲਨ (Macmillan) ਨੂੰ **0808 808 00 00** ਤੇ ਮੁਫਤ ਕਾਲ ਕਰੋ ਜਾਂ **macmillan.org.uk** ਤੇ ਜਾਓ।

© ਮੈਕਮਿਲਨ ਕੈਂਸਰ ਸਪੋਰਟ (Macmillan Cancer Support), ਜੁਲਾਈ 2014 । ਪਹਿਲਾ ਸੰਸਕਰਨ। MAC13693_OVARY_PUNJABI. ਅਗਲੀ ਯੋਜਨਾਬੱਧ ਸਮੀਖਿਆ 2017. ਮੈਕਮਿਲਨ ਕੈਂਸਰ ਸਪੋਰਟ (Macmillan Cancer Support), ਇੰਗਲੈਂਡ ਅਤੇ ਵੇਲਜ਼ (261017), ਸਕਾਟਲੈਂਡ (SC039907), ਅਤੇ ਆਇਲ ਆਫ ਮੈਨ (604) ਵਿੱਚ ਰਜਿਸਟਰਡ ਚੈਰਿਟੀ ਹੈ। ਟਿਕਾਊ ਸੱਮਗਰੀ ਦੀ ਵਰਤੋਂ ਨਾਲ ਛਾਪਿਆ ਗਿਆ। ਕਿਰਪਾ ਕਰਕੇ ਮੁੜ ਵਰਤੋਂ ਕਰੋ।

Health & care information you can trust
The Information Standard Certified Member